ਪੰਜਾਬ ਸਰਕਾਰ
ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ-1 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ,
ਅਤੇ ਸੀਨੀਅਰ ਪੁਲਿਸ ਕਪਤਾਨ
ਪੰਜਾਬ।
ਮੀਮੋ ਨੰ: 774705:-SRVC001/1/2024/I/942627/2024
ਮਿਤੀ, ਚੰਡੀਗੜ੍ਹ: 07-10-2024

ਵਿਸ਼ਾ: 1091 ਸਹਾਇਕ ਪ੍ਰੋਫੈਸਰ ਦੀ ਭਰਤੀ ਵਿੱਚ ਚੁਣੇ ਗਏ ਉਮੀਦਵਾਰਾਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਸਬੰਧੀ।

*****

ਸ੍ਰੀਮਾਨ/ਸ੍ਰੀਮਤੀ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਲਿਖਿਆ ਜਾਂਦਾ ਹੈ ਕਿ ਉਚੇਰੀ ਸਿੱਖਿਆ ਵਿਭਾਗ ਵਿਖੇ ਸਹਾਇਕ ਪ੍ਰੋਫੈਸਰਾਂ ਦੀਆਂ 1091 ਅਸਾਮੀਆਂ ਭਰਨ ਸਬੰਧੀ ਮਾਮਲਾ ਕਾਰਵਾਈ ਅਧੀਨ ਹੈ। ਇਨ੍ਹਾਂ ਅਸਾਮੀਆਂ ਵਿੱਚੋਂ ਉਚੇਰੀ ਸਿੱਖਿਆ ਵਿਭਾਗ ਵੱਲੋਂ ਹੁਕਮ ਮਿਤੀ 28.09.2024 ਰਾਹੀਂ 465 ਸਹਾਇਕ ਪ੍ਰੋਫੈਸਰਾਂ ਦੀ ਤੈਨਾਤੀ ਰਾਜ ਦੇ ਵੱਖ-ਵੱਖ ਸਰਕਾਰੀ ਕਾਲਜਾਂ ਵਿੱਚ ਕੀਤੀ ਗਈ ਹੈ।

3. ਵਿਭਾਗ ਵੱਲੋਂ ਉਕਤ ਤੈਨਾਤ ਕੀਤੇ ਸਹਾਇਕ ਪ੍ਰੋਫੈਸਰਾਂ ਦੀਆਂ ਲਿਸਟਾਂ ਨੱਥੀ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਦੀ ਪੁਲਿਸ ਵੈਰੀਫਿਕੇਸ਼ਨ ਸਬੰਧੀ ਕਾਰਵਾਈ ਤਰਜੀਹ ਦੇ ਅਧਾਰ ਅਮਲ ਵਿੱਚ ਲਿਆਂਦੀ ਜਾਵੇ। ਵੈਰੀਫਿਕੇਸ਼ਨ ਸਬੰਧੀ ਰਿਪੋਰਟਾਂ 15 ਦਿਨਾਂ ਦੇ ਅੰਦਰ ਅੰਦਰ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਸੱਤਵੀ ਮੰਜਿਲ ਦਫਤਰ ਡਾਇਰੈਕਟਰ ਉਚੇਰੀ ਸਿੱਖਿਆ, ਪੰਜਾਬ ਐਸ.ਏ.ਐਸ. ਨਗਰ, ਨੂੰ ਭੇਜਣੀਆਂ ਯਕੀਨੀ ਬਣਾਈਆਂ ਜਾਣ।

4. ਸਹਾਇਕ ਪ੍ਰੋਫੈਸਰਾਂ ਦੀ ਪੁਲਿਸ ਵੈਰੀਫਿਕੇਸ਼ਨ ਸਬੰਧੀ ਸ੍ਰੀ ਜਤਿੰਦਰ ਸਿੰਘ, ਡਿਪਟੀ ਡਾਇਰੈਕਟਰ (81460-22995), ਦਫਤਰ ਡਾਇਰੈਕਟਰ ਉਚੇਰੀ ਸਿੱਖਿਆ, ਪੰਜਾਬ ਨੂੰ ਨੋਡਲ ਅਫਸਰ ਨਿਯੁਕਤ ਕੀਤਾ ਜਾਂਦਾ ਹੈ। ਜੇਕਰ ਇਸ ਮਾਮਲੇ ਸਬੰਧੀ ਕਿਸੇ ਤਰ੍ਹਾਂ ਦੀ ਕਲੈਰੀਫਿਕੇਸ਼ਨ ਲੋੜੀਂਦੀ ਹੈ ਤਾਂ ਨੋਡਲ ਅਫਸਰ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ।

ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਨੱਥੀ/ਉਕਤ ਅਨੁਸਾਰ।

ਅਧੀਨ ਸਕੱਤਰ, ਉਚੇਰੀ ਸਿੱਖਿਆ

P.T.O

Scanned with CamScanner

DPIHE-SRVC001/1/2024-SERVICES-DPI-HIGHER EDUCATION

I/942627/2024

ਪਿੱ.ਅੰ.ਨੰ: 774705:-SRVC001/1/2024/I/942627/2024(i) ਮਿਤੀ, ਚੰਡੀਗੜ੍ਹ 07.10.2024

ਉਪਰੋਕਤ ਦਾ ਉਤਾਰਾ ਦਫਤਰ ਡੀ.ਐਚ.ਈ. ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਪੱਤਰ ਵਿਭਾਗ ਦੀ ਵੈੱਬ ਸਾਈਟ ਤੇ ਵੀ ਅਪਲੋਡ ਕੀਤਾ ਜਾਵੇ। ਸਮੂਹ ਪੁਲਿਸ ਵੈਰੀਫਿਕੇਸ਼ਨ ਦੀਆਂ ਰਿਪੋਰਟਾਂ ਹਾਸਲ ਕਰਦੇ ਹੋਏ ਵਿਭਾਗ ਦੀ ਟਿੱਪਣੀ ਸਮੇਤ ਸਰਕਾਰ ਨੂੰ ਪੇਸ਼ ਕੀਤੀ ਜਾਵੇ।

ਅਧੀਨ ਸਕੱਤਰ, ਉਚੇਰੀ ਸਿੱਖਿਆ

**ਦਫ਼ਤਰ ਡਾਇਰੈਕਟੋਰੇਟ ਆਫ਼ ਹਾਇਰ ਐਜੂਕੇਸ਼ਨ ਪੰਜਾਬ, ਐਸ.ਏ.ਐਸ. ਨਗਰ।**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ- ਬਲਾਕ, ਸੱਤਵੀ ਮੰਜ਼ਿਲ, ਫੇਜ਼-8, ਐਸ. ਏ. ਐਸ. ਨਗਰ-160062**

**(ਸੇਵਾਵਾਂ ਸ਼ਾਖਾ)** Email. dhe.services@punjabeducation.gov.in

---

ਪਿੱਠ ਅੰਕਣ ਨੰ.: DPIHE-SRVC0EST./24/2024-SERVICES-DPI-HIGHER EDUCATION/776267 ਮਿਤੀ, ਐਸ.ਏ.ਐਸ. ਨਗਰ: 08.10.2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ / ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਾਨਯੋਗ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ (ਸਿੱ-1 ਸ਼ਾਖਾ), ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।
2. ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ ਸੀਨੀਅਰ ਪੁਲਿਸ ਕਪਤਾਨ ਸਾਹਿਬਨਾਂ ਨੂੰ ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ (ਸਿੱਖਿਆ-1 ਸ਼ਾਖਾ) ਦੇ ਉਪਰੋਕਤ ਪੱਤਰ ਮੀਮੋ ਨੰ. 774705-SRVC001/1/2024/I/942627/2024 ਮਿਤੀ 07.10.2024 ਦੀ ਕਾਪੀ ਸੂਚਨਾ / ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।
3. ਸ੍ਰੀ ਜਤਿੰਦਰ ਸਿੰਘ, ਪ੍ਰਿੰਸੀਪਲ-ਕਮ-ਡਿਪਟੀ ਡਾਇਰੈਕਟਰ ਨੂੰ ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ (ਸਿੱਖਿਆ-1 ਸ਼ਾਖਾ) ਦੇ ਉਪਰੋਕਤ ਪੱਤਰ ਮੀਮੋ ਨੰ. 774705-SRVC001/1/2024/I/942627/2024 ਮਿਤੀ 07.10.2024 ਦੀ ਕਾਪੀ ਸੂਚਨਾ / ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।
4. ਪੰਜਾਬ ਰਾਜ ਦੇ ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਜ਼ / ਡੀ.ਡੀ.ਓਜ਼. ਨੂੰ ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ (ਸਿੱਖਿਆ-1 ਸ਼ਾਖਾ) ਦੇ ਉਪਰੋਕਤ ਪੱਤਰ ਮੀਮੋ ਨੰ. 774705-SRVC001/1/2024/I/942627/2024 ਮਿਤੀ 07.10.2024 ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ-ਆਪਣੇ ਕਾਲਜਾਂ ਵਿੱਚ ਤੈਨਾਤ ਨਵ-ਨਿਯੁਕਤ 1158 ਸਹਾਇਕ ਪ੍ਰੋਫੈਸਰਜ਼ ਦੀ ਪੁਲਿਸ ਵੈਰੀਫ਼ਿਕੇਸ਼ਨ ਅਤੇ ਵਿਦਿਅੱਕ ਦਸਤਾਵੇਜ਼ਾਂ ਦੀ ਵੈਰੀਫ਼ਿਕੇਸ਼ਨ ਸਬੰਧੀ ਕਾਰਵਾਈ ਸਰਕਾਰ ਦੇ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਤਰਜੀਹ ਦੇ ਆਧਾਰ ਤੇ ਅਮਲ ਵਿੱਚ ਲਿਆਉਣੀ ਯਕੀਨੀ ਬਣਾਈ ਜਾਵੇ।

ਸੁਪਰਡੰਟ (ਸੇਵਾਵਾਂ)

Scanned with CamScanner